# ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ

**ਪ੍ਰਸ਼ਨ 1 :- ਪੰਜਾਬ ਸੇਵਾ ਅਧਿਕਾਰ ਐਕਟ ਕਦੋਂ ਲਾਗੂ ਹੋਇਆ?**

ਉੱਤਰ :- 20 ਅਕਤੂਬਰ, 2011

**ਪ੍ਰਸ਼ਨ 2 :- ਸੇਵਾ ਤੋਂ ਕੀ ਭਾਵ ਹੈ?**

ਉੱਤਰ :- ਸੇਵਾ ਤੋਂ ਭਾਵ ਉਹ ਸਵਾ ਜੋ ਪੰਜਾਬ ਸੇਵਾ ਅਧਿਕਾਰ ਐਕਟ,2011 ਦੀ ਧਾਰਾ 3 ਅਧੀਨ ਨੋਟੀਫਾਈ ਕੀਤੀ ਗਈ ਹੈ । ਪੰਜਾਬ ਸੇਵਾ ਅਧਿਕਾਰ ਐਕਟ, 2011 ਅਧੀਨ ਨੋਟੀਫਾਈ ਕੀਤੀਆਂ ਗਈਆ ਵੱਖ-ਵੱਖ ਸੇਵਾਵਾਂ ਬਾਰੇ ਹੋਰ ਜਾਣਕਾਰੀ ਲਈ ਕ੍ਰਿਪਾ ਕਰਕ ਇਥੇ ਕਲਿੱਕ ਕਰੋ। (ਇਹ ਲਿਕ ਨੋਟੀਫਾਈ ਕੀਤੀਆਂ ਸੇਵਾਵਾਂ ਦੇ ਪੰਨੇ ਉੱਤੇ ਜਾਵੇਗਾ) ।

**ਪ੍ਰਸ਼ਨ 3 :- ਪੰਜਾਬ ਸੇਵਾ ਅਧਿਕਾਰ ਐਕਟ, 2011 ਵਿਚ ਕਿੰਨੀਆਂ ਸੇਵਾਵਾਂ ਦਰਜ ਹਨ? ਇਹ ਸੇਵਾਵਾਂ ਕਿਹੜੀਆਂ ਹਨ?**

ਉੱਤਰ :- ਅੱਜ ਦੀ ਮਿਤੀ ਵਿਚ, ਪੰਜਾਬ ਸੇਵਾ ਅਧਿਕਾਰ ਐਕਟ,2011 ਅਧੀਨ 351 ਸੇਵਾਵਾਂ ਨੋਟੀਫਾਈ ਕੀਤੀਆਂ ਹੋਈਆਂ ਹਨ । ਇਸ ਐਕਟ ਅਧੀਨ ਜਰੂਰਤ ਅਨੁਸਾਰ ਬਾਅਦ ਵਿਚ ਹੋਰ ਸੇਵਾਵਾਂ ਵੀ ਨੋਟੀਫਾਈ ਕੀਤੀਆਂ ਜਾ ਸਕਦੀਆਂ ਹਨ।

ਪੰਜਾਬ ਸੇਵਾ ਅਧਿਕਾਰ ਐਕਟ,2011 ਅਧੀਨ ਵਿਭਾਗਾਂ ਦੇ ਨਾਂ ਅਤੇ ਉਹਨਾਂ ਵਲੋਂ ਮੁਹੱਈਆਂ ਕਰਵਾਈਆਂ ਜਾ ਰਹੀਆਂ ਸੇਵਾਵਾਂ ਦੇ ਵੇਰਵੇ, Notified Services ਨਾਂ ਦੇ ਪਨੇ ਉੱਤੇ ਦਰਜ ਹਨ।

**ਪ੍ਰਸ਼ਨ 4 :- ਆਰ.ਟੀ.ਐਸ ਅਧੀਨ ਸੇਵਾਵਾਂ ਪ੍ਰਾਪਤ ਕਰਨ ਲਈ ਮੈਂ ਕਿਵੇਂ ਅਪਲਾਈ ਕਰ ਸਕਦਾ ਹਾਂ?**

ਉੱਤਰ :-

- ਬਿਨੈਪੱਤਰ ਨਿਰਧਾਰਿਤ ਫਾਰਮ ਵਿਚ ਭਰ ਕੇ ਸੇਵਾ ਪ੍ਰਾਪਤ ਕਰਨ ਵਾਲੇ ਵਿਅਕਤੀ ਦੁਆਰਾ ਨਾਮਜਦ ਅਧਿਕਾਰੀ ਨੂੰ ਭੇਜਿਆ ਜਾਣਾ ਜਰੂਰੀ ਹੈ।
- ਸੇਵਾ ਪ੍ਰਾਪਤੀ ਲਈ ਲੋੜੀਦੇ ਦਸਤਾਵੇਜ ਵੀ ਬੇਨਤੀਪੱਤਰ ਫਾਰਮ ਨਾਲ ਨੱਥੀ ਕੀਤੇ ਜਾਣੇ ਚਾਹੀਦੇ ਹਨ। ਬਿਨੈਪੱਤਰ ਫਾਰਮ ਅਤੇ ਵੱਖ-ਵੱਖ ਦਰਜ ਸੇਵਾਵਾਂ ਲਈ ਜਰੂਰੀ ਦਸਤਾਵੇਜਾਂ ਨੂੰ ਡਾਉਨਲੋਡ ਸੈਕਸ਼ਨ(Download Section) ਉੱਤੇ ਦੇਖਿਆ ਅਤੇ ਡਾਉਨਲੋਡ ਕੀਤਾ ਜਾਂ ਸਕਦਾ ਹੈ।

- ਨਾਮਜਦ ਅਧਿਕਾਰੀ ਮਿੱਥੇ ਸਮੇਂ ਵਿਚ ਸੇਵਾ ਮੁਹੱਈਆ ਕਰਵਾਏਗਾ ਜਾਂ ਬਿੱਨੇਪੱਤਰ ਨਾ ਮਨਜੂਰ ਕਰੇਗਾ।
- ਬਿਨੇਪੱਤਰ ਨਾਮਨਜੂਰ ਕਰਨ ਦੀ ਸੂਰਤ ਵਿਚ ਅਫਸਰ ਇਸਦਾ ਕਾਰਨ ਲਿਖਿਤ ਰੂਪ ਵਿਚ ਦਰਸਾਏਗਾ ਅਤੇ ਇਸ ਦੀ ਸੂਚਨਾ ਪ੍ਰਾਰਥੀ ਨੂੰ ਵੀ ਦੇਵੇਗਾ।

**ਪ੍ਰਸ਼ਨ 5 :- ਕਿੰਨੇ ਸਮੇਂ ਵਿਚ ਸੇਵਾ ਮੁਹੱਇਆ ਕਰਵਾਈ ਜਾਣੀ ਚਾਹੀਦੀ ਹੈ?**

**ਉਤਰ:-** ਨੋਟੀਫਾਈ ਕੀਤੀਆਂ ਵੱਖ-ਵੱਖ ਸੇਵਾਵਾਂ ਮੁਹੱਈਆਂ ਕਰਵਾਉਣ ਲਈ ਨਿਰਧਾਰਿਤ ਸਮਾਂ (list of services) ਸੇਵਾਵਾਂ ਦੀ ਸੂਚੀ ਵਿਚ ਹਰ ਇਕ ਸੇਵਾ ਅੱਗੇ ਦਰਸਾਇਆ ਗਿਆ ਹੈ।

**ਪ੍ਰਸ਼ਨ 6 :- ਵੱਖ-ਵੱਖ ਨਾਮਜਦ ਅਧਿਕਾਰੀਆਂ ਕੋਲ ਜਾਏ ਬਿਨਾਂ ਅਜਿਹੀ ਕਿਹੜੀ ਥਾਂ ਹੈ, ਜਿਥੋਂ ਸਾਰੀਆ ਸੇਵਾਵਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ?**

**ਉਤਰ:-** ਪੁਲਿਸ ਨਾਲ ਸਬੰਧਿਤ ਸੇਵਾਵਾਂ ਲਈ ਤੁਸੀ ਆਪਣੇ ਨੇੜਲੇ 'ਸਾਂਝ ਕੇਂਦਰ' ਤੇ ਜਾ ਸਕਦੇ ਹੋ ਅਤੇ ਦੂਜੀਆਂ ਸਾਰੀਆਂ ਸੇਵਾਵਾਂ ਲਈ ਤੁਸੀ ਆਪਣੇ ਨੇੜਲੇ 'ਸੁਵਿਧਾ ਸੈਂਟਰ' ਤੇ ਜਾ ਸਕਦੇ ਹੋ। ਪੇਂਡੂ ਖੇਤਰਾਂ ਦੀ ਫਰਦ ਲੈਣ ਲਈ ਤੁਸੀ ਆਪਣੇ ਨੇੜਲੇ ' ਫਰਦ ਕੇਂਦਰ ' ਤੇ ਬਿਨਾਂ ਦੇਰੀ ਦੇ ਆਨਲਾਈਨ ਸੇਵਾ ਲੈ ਸਕਦੇ ਹੋ।

**ਪ੍ਰਸ਼ਨ 7 :- ਨਾਮਜਦ ਅਧਿਕਾਰੀ ਕੌਣ ਹਨ ਅਤੇ ਇਨ੍ਹਾਂ ਦੀਆਂ ਕੀ ਜਿੰਮੇਵਾਰੀਆਂ ਹਨ?**

**ਉਤਰ:-** ਨਾਮਜਦ ਅਧਿਕਾਰੀ ਉਹ ਅਧਿਕਾਰੀ ਹਨ ਜੋ ਆਪਣੇ ਆਪਣੇ ਵਿਭਾਗਾਂ ਨਾਲ ਸਬੰਧਿਤ ਨੋਟੀਫਾਈਡ ਸੇਵਾ ਲਈ ਬਿਨੈ ਕਰਨ ਵਾਲੇ ਵਿਅਕਤੀ ਨੂੰ ਸੇਵਾ ਮੁਹੱਈਆ ਕਰਵਾਉਣ ਲਈ ਨਾਮਜਦ ਕੀਤ ਹੋਏ ਹਨ। ਨਾਮਜਦ ਅਧਿਕਾਰੀ, ਬਿਨੇਪੱਤਰ ਦੀ ਪ੍ਰਾਪਤੀ ਉੱਤੇ, ਸੇਵਾ ਮੁਹੱਈਆ ਕਰਵਾਏਗਾ ਜਾਂ ਨਿਰਧਾਰਿਤ ਸਮੇਂ ਸੀਮਾਂ ਦੇ ਅੰਦਰ ਬੇਨਤੀਪੱਤਰ ਨਾਮਨਜੂਰ ਕਰੇਗਾ। ਬੇਨਤੀਪੱਤਰ ਦੀ ਨਾਮਨਜੂਰੀ ਦੀ ਸੂਰਤ ਵਿਚ ਨਾਮਜਦ ਅਧਿਕਾਰੀ ਇਸ ਦੇ ਕਾਰਨ ਨੂੰ ਲਿਖਤੀ ਰੂਪ ਵਿਚ ਦਰਜ ਕਰੇਗਾ ਅਤੇ ਇਸ ਦੀ ਜਾਣਕਾਰੀ ਬਿਨੈਕਾਰ ਨੂੰ ਵੀ ਦੇਵੇਗਾ।

**ਪ੍ਰਸ਼ਨ 8 :- ਐਪੀਲੈਂਟ ਅਥਾਰਟੀ ਕੌਣ ਹੈ ਅਤੇ ਇਨ੍ਹਾਂ ਦੇ ਕੀ ਕੰਮ ਹਨ?**

**ਉਤਰ :-** ਜਕਰ ਨਾਮਜਦ ਅਧਿਕਾਰੀ ਨਿਰਧਾਰਿਤ ਸਮੇਂ ਦੇ ਅੰਦਰ ਸੇਵਾ ਮੁਹੱਈਆ ਕਰਵਾਉਣ ਵਿਚ ਅਸਫਲ ਰਹਿੰਦਾ ਹੈ ਤਾਂ ਦਰਖਾਸਤ-ਕਰਤਾ ਇਹਨਾਂ ਅਧਿਕਾਰੀਆਂ ਕੋਲ ਅਪੀਲ ਦਾਇਰ ਕਰ ਸਕਦਾ ਹੈ। ਐਪੀਲੈਂਟ ਅਧਿਕਾਰੀ ਇਕ ਹੁਕਮ ਜਾਰੀ ਕਰ ਸਕਦੇ ਹਨ ਜਿਸ ਰਾਹੀ ਉਹ ਜਾਂ ਤਾਂ ਅਪੀਲ ਨੂੰ ਸਵੀਕਾਰ ਕਰਨਗ ਜਾਂ ਫਿਰ ਉਹ ਨਾਮਜਦ ਅਧਿਕਾਰੀ ਨੂੰ ਨਿਰਦੇਸ਼ ਦੇ ਸਕਦੇ ਹਨ ਕਿ ਉਹ ਯੋਗ ਵਿਅਕਤੀ ਨੂੰ ਮਿੱਥੇ ਸਮਾਂ ਅਨੁਸਾਰ ਸੇਵਾ ਮੁਹੱਈਆ ਕਰਵਾਵੇ ਜਾਂ ਫਿਰ ਨਾਮੰਨਜੂਰ ਕਰੇ ਅਤੇ ਨਾਮੰਨਜੂਰ ਹੋਣ ਦਾ ਕਾਰਨ ਲਿਖਤੀ ਰੂਪ ਵਿਚ ਦੇਵੇ। ਪਹਿਲੀ ਐਪੀਲੇਂਟ ਅਧਿਕਾਰੀ ਅਪੀਲ ਦੇ ਮਿਲਣ ਦ ਜਿਥੋਂ ਤੱਕ ਹੋ ਸਕੇ 30 ਦਿਨਾਂ ਦੇ ਅੰਦਰ ਅਪੀਲ ਦਾ ਨਿਪਟਾਰਾ

ਕਰਗੀ ਅਤੇ ਦੂਜੀ ਐਪੀਲੈਂਟ ਅਥਾਰਟੀ ਨੂੰ ਅਪੀਲ ਦੇ ਮਿਲਣ ਦੇ ਜਿਥੋਂ ਤੱਕ ਹੋ ਸਕ 60 ਦਿਨਾਂ ਦੇ ਅੰਦਰ ਉਸ ਅਪੀਲ ਦਾ ਨਿਪਟਾਰਾ ਕਰੇਗੀ। ਸ਼ਿਕਾਇਤ ਨਿਵਾਰਨ ਦੀ ਵਿਧੀ ਪੰਜਾਬ ਸੇਵਾ ਅਧਿਕਾਰ ਵਿਚ ਵੀ ਦਿਤੀ ਹੋਈ ਹੈ ਜੋ ਵੈਬਸਾਈਟ ਤੇ ਦਖੀ ਜਾ ਸਕਦੀ ਹੈ।

**ਪ੍ਰਸਨ 9 :- ਮੈਨੂੰ ਕਿਵੇਂ ਪਤਾ ਚਲੇਗਾ ਕਿ ਮੇਰਾ ਬਿਨੈਪੱਤਰ ਸਵੀਕਾਰ ਕਰ ਲਿਆ ਗਿਆ ਹੈ ਜਾਂ ਨਹੀ?**

**ਉੱਤਰ :-** ਨਾਮਜਦ ਅਧਿਕਾਰੀ ਜਾਂ ਅਧਿਕਾਰੀ ਜਿਸਨੇ ਬਿਨੈਪੱਤਰ ਪ੍ਰਾਪਤ ਕੀਤਾ ਹੈ, ਉਹ ਇਸ ਦੀ ਪ੍ਰਾਪਤੀ ਦੀ ਰਸੀਦ ਦੇਵੇਗਾ ਜਿਸ ਵਿਚ ਬਿਨੇਕਾਰ ਦਾ ਨਾਮ, ਸੇਵਾ ਦੀ ਮੰਗ ਅਤੇ ਸੇਵਾ ਮੁਹੱਈਆਂ ਕਰਵਾਉਣ ਲਈ ਨਿਰਧਾਰਿਤ ਸਮਾਂ ਸੀਮਾਂ ਦੀ ਸੂਚਨਾ ਹੋਵੇਗੀ।

**ਪ੍ਰਸ਼ਨ 10:- ਕੀ ਮੇਰਾ ਬਿਨੈਪੱਤਰ ਨਾਮਜਦ ਅਧਿਕਾਰੀ ਵੱਲੋਂ ਨਾਮੰਜੂਰ ਹੋ ਸਕਦਾ ਹੈ।**

**ਉੱਤਰ :-** ਹਾਂ, ਕੇਵਲ ਇਕ ਮਾਮਲੇ ਵਿਚ ਜੇਕਰ ਸੇਵਾ ਮੁਹੱਈਆਂ ਕਰਵਾਉਣ ਲਈ ਬਿਨਪੱਤਰ ਪੱਤਰ ਜਰੂਰੀ ਦਸਤਾਵੇਜਾਂ ਦੇ ਨਾਲ ਨਹੀ ਹੈ। ਨਾਮਜਦ ਅਧਿਕਾਰੀ ਤੁਹਾਡੇ ਬਿਨੈ-ਪੱਤਰ ਨਾਲ ਨਾ ਲਗਾਏ ਗਏ ਜਰੂਰੀ ਦਸਤਾਵੇਜਾਂ ਦੀ ਕਮੀ ਨੂੰ ਦਰਸਾਵੇਗਾ ਅਤੇ ਤੁਹਾਨੂੰ ਤੁਹਾਡਾ ਬਿਨੈਪੱਤਰ ਨੂੰ ਆਪਣੇ ਹਸਤਾਖਰਾਂ ਹੇਠ ਵਾਪਸ ਦੇਵੇਗਾ ।

**ਪ੍ਰਸ਼ਨ 11:- ਕੀ ਮੈਂ ਬਿਨੈਪੱਤਰ ਸੁਵਿਧਾ ਸੈਂਟਰ ਵਿਚ ਦੇ ਸਕਦਾ ਹਾਂ ਭਾਵੇਂ ਉਹ ਸੇਵਾ ਪ੍ਦਾਨ ਕਰਨ ਲਈ ਨਾਮਜਦ ਅਧਿਕਾਰੀ ਕਿਸੇ ਹੋਰ ਥਾਂ ਤੇ ਮੌਜੂਦ ਹੋਵੇ?**

**ਉੱਤਰ :-** ਹਾਂ, ਤੁਸੀ ਆਪਣਾ ਬਿਨੇਪੱਤਰ ਨੇੜੇ ਦੇ ਸੁਵਿਧਾ ਸੈਂਟਰ ਦੇ ਇਨੰਚਾਰਜ ਨੂੰ ਦੇ ਸਕਦੇ ਹੋ ਜਿਹੜਾ ਤੁਹਾਨੂੰ ਬਿਨੈਪੱਤਰ ਦੀ ਪ੍ਰਾਪਤੀ ਦੀ ਰਸੀਦ ਦੇਵੇਗਾ (ਜੇਕਰ ਜਰੂਰੀ ਦਸਤਾਵੇਜ ਪੂਰੇ ਹੋਣ) ਅਤੇ ਉਹ ਨਾਮਜਦ ਅਧਿਕਾਰੀ ਤੋਂ ਸੇਵਾ ਪ੍ਰਾਪਤ ਕਰਕੇ ਤੁਹਾਨੂੰ ਸੇਵਾ ਮੁਹੱਇਆ ਕਰਵਾਏਗਾ। ਪਰੰਤੂ ਇਸ ਸੂਰਤ ਵਿਚ ਸੁਵਿਧਾ ਸੈਂਟਰ ਇੰਨਚਾਰਜ ਤੁਹਾਨੂੰ ਸੇਵਾ ਮੁਹੱਈਆ ਕਰਵਾਉਣ ਲਈ ਨਿਰਧਾਰਿਤ ਸਮੇਂ ਤੋਂ 2 ਦਿਨਾਂ ਦਾ ਜਿਆਦਾ ਸਮਾਂ ਲੈ ਸਕਦਾ ਹੈ ।

**ਪ੍ਰਸਨ 12 :- ਕੀ ਸੁਵਿਧਾ ਸੈਂਟਰ ਦਾ ਇੰਨਚਾਰਜ/ਨਾਮਜਦ ਅਧਿਕਾਰੀ ਕਿਸੇ ਬਹਾਨੇ ਮੇਰਾ ਬਿਨੈਪੱਤਰ ਪ੍ਰਾਪਤ ਕਰਨ ਤੋ ਮਨ੍ਹਾਂ ਕਰ ਸਕਦਾ ਹੈ?**

**ਉਤਰ :-** ਨਹੀ, ਨਾਮਜਦ ਅਧਿਕਾਰੀ ਜਾਂ ਸੁਵਿਧਾ ਸੈਂਟਰ ਦਾ ਇੰਨਚਾਰਜ ਕੇਵਲ ਇਕ ਵਾਰ ਤੁਹਾਡਾ ਬਿਨੈਪੱਤਰ ਨਾਲ ਨੱਥੀ ਦਸਤਾਵੇਜਾਂ ਵਿਚ ਕਮੀ ਨੂੰ ਦਰਸਾਵੇਗਾ। ਪਰ ਤੁਹਾਡੇ ਵਲੋਂ ਪੂਰਤੀ ਕੀਤੇ ਜਾਣ ਤੋ ਬਾਅਦ ਨਾਮਜਦ ਅਧਿਕਾਰੀ ਜਾਂ ਸੁਵਿਧਾ ਸੈਂਟਰ ਦਾ ਇੰਨਚਾਰਜ ਕਿਸੇ ਹੋਰ ਬਹਾਨੇ ਨਾਲ ਤੁਹਾਡਾ ਬਿਨੈਪੱਤਰ ਨਾਮੰਨਜੂਰ ਨਹੀ ਕਰ ਸਕਦਾ।

**ਪ੍ਰਸ਼ਨ 13 :- ਕੀ ਆਰ.ਟੀ.ਐਸ ਅਧੀਨ ਸੇਵਾ ਲੈਣ ਲਈ ਬਿਨੈ ਕਰਨਾ ਬਿਨਾਂ ਕਿਸੇ ਫੀਸ ਦੇ ਹੈ?**

**ਉੱਤਰ** :- ਹਾਂ,ਆਰ.ਟੀ.ਐਸ ਦੇ ਅਧੀਨ ਬਿਨੈ ਕਰਨਾ ਮੁਫਤ ਹੈ। ਪਤੂ, ਸਾਂਝ ਕੇਂਦਰ, ਸੁਵਿਧਾ ਸੈਂਟਰ ਅਤੇ ਫਰਦ ਕੇਂਦਰਾਂ ਵਲੋਂ ਸੇਵਾ ਦੇਣ ਲਈ ਸਰਕਾਰ ਵਲੋਂ ਨਿਰਧਰਿਤ ਫੀਸ ਵੀ ਹੋ ਸਕਦੀ ਹੈ। ਜੋ ਹਰ ਇਕ ਸੇਵਾ ਲਈ ਸਾਰੇ ਰਾਜ ਵਿਚ ਇਕਸਾਰ ਹੈ। ਅਜਿਹੀ ਫੀਸ ਤੁਹਾਨੂੰ ਅਦਾ ਕਰਨੀ ਪਵੇਗੀ।

**ਪ੍ਰਸ਼ਨ 14 :- ਕੀ ਅਪੀਲ ਕਰਨ ਲਈ ਕੋਈ ਫੀਸ ਹੈ?**

**ਉੱਤਰ** :- ਨਹੀ, ਪਹਿਲੇ ਅਪੀਲੈਂਟ ਅਧਿਕਾਰੀ ਅਤੇ ਦੂਜੇ ਅਪੀਲੈਂਟ ਅਧਿਕਾਰੀ ਕੋਲ ਅਪੀਲ ਦਾਇਰ ਕਰਨ ਲਈ ਜ਼ਾਂ ਸੇਵਾ ਅਧਿਕਾਰ ਕਮਿਸ਼ਨ ਪਾਸ ਰਵੀਜ਼ਨ ਦਾਇਰ ਦੀ ਕੋਈ ਫੀਸ ਨਹੀ ਹੈ। ਅਪੀਲ/ਰਵੀਜ਼ਨ ਦਾਇਰ ਕਰਨ ਲਈ ਨਿਰਧਾਰਿਤ ਫਾਰਮੈਟ ਨੂੰ ਡਾਉਨਲੋਡ (Downlaod) ਪੇਂਜ ਉੱਤੇ ਦੇਖਿਆ ਜਾ ਸਕਦਾ ਹੈ ਜਾਂ ਡਾਉਨਲੋਡ ਕੀਤਾ ਜਾਂ ਸਕਦਾ ਹੈ।

**ਪ੍ਰਸ਼ਨ 15 :- ਮੈਂ ਮੇਰਾ ਬਿਨੈਪਤੱਰ ਸਵੀਕਾਰ ਨਾ ਹੋਣ ਦੀ ਹਾਲਤ ਵਿਚ ਜਾਂ ਸੇਵਾ ਮੁਹੱਈਆ ਕਰਵਾਉਣ ਦੀ ਕਮੀ ਦੀ ਸੂਰਤ ਵਿਚ ਕਿੱਥੇ ਸ਼ਿਕਾਇਤ ਦਰਜ ਕੀਤੀ ਜਾ ਸਕਦੀ ਹੈ?**

**ਉਤਰ** :- ਤੁਸੀ ਬਿਨੈਪਤੱਰ ਦੇ ਨਾਮਨੰਜੂਰ ਹੋਣ ਦੇ ਇੱਕ ਮਹੀਨੇ ਦੇ ਅੰਦਰ ਜਾਂ ਸੇਵਾ ਮੁਹਈਆ ਕਰਵਾਉਣ ਦੀ ਕਮੀ ਹੋਣ ਦੀ ਸੂਰਤ ਵਿਚ ਸ਼ਿਕਾਇਤ 1 ਅਪੀਲ ਪਹਿਲੇ ਅਪੀਲੈਂਟ ਅਧਿਕਾਰੀ ਕੋਲ ਕਰ ਸਕਦੇ ਹੋ।

**ਪ੍ਰਸ਼ਨ 16 :- ਕਿੰਨੇ ਸਮੇਂ ਵਿਚ ਪਹਿਲੀ ਐਪੀਲੈਂਟ ਅਧਿਕਾਰੀ ਮੇਰੀ ਅਪੀਲ ਦਾ ਫੈਸਲਾ ਕਰੇਗੀ?**

**ਉੱਤਰ** :- ਪੰਜਾਬ ਸੇਵਾ ਅਧਿਕਾਰ ਐਕਟ, 2011 ਅਧੀਨ ਇਹ ਜਰੂਰੀ ਹੈ ਪਹਿਲੀ ਐਪੀਲੈਂਟ ਅਧਿਕਾਰੀ ਬਿਨੈਪੱਤਰ ਦੇ ਪ੍ਰਾਪਤ ਹੋਣ ਦੇ ਜਿਥੋਂ ਤੱਕ ਹੋ ਸਕੇ 30 ਦਿਨਾਂ ਦੇ ਅੰਦਰ ਅਪੀਲ ਦਾ ਫੈਸਲਾ ਕਰੇ।

**ਪ੍ਰਸ਼ਨ 17 :- ਦੂਜੀ ਐਪੀਲੈਟ ਅਥਾਰਟੀ ਅਪੀਲ ਦਾ ਫੈਸਲਾ ਕਰਨ ਲਈ ਕਿੰਨਾਂ ਸਮਾਂ ਲੈ ਸਕਦੀ ਹੈ?**

**ਉਤਰ** :- ਦੂਜੀ ਐਪੀਲੈਂਟ ਅਥਾਰਟੀ ਅਪੀਲ ਦਾ ਫੈਸਲਾ ਕਰਨ ਤੋਂ ਪਹਿਲਾ ਜਰੂਰੀ ਦਸਤਾਵੇਜਾਂ ਦੀ ਮੰਗ ਕਰ ਸਕਦੀ ਹੈ ਜਾਂ ਅਪੀਲ-ਕਰਤਾ ਨੂੰ ਨਿੱਜੀ ਸਣਵਾਈ ਲਈ ਬੁਲਾ ਸਕਦੀ ਹੈ। ਉਸ ਲਈ ਪੰਜਾਬ ਸੇਵਾ ਅਧਿਕਾਰ ਐਕਟ,2011 ਦੇ ਅਧੀਨ ਅਪੀਲ ਦਾ ਫੈਸਲਾ ਕਰਨ ਲਈ ਬਿਨੈਪਤਰ ਦ ਪ੍ਰਾਪਤ ਹੋਣ ਦੇ ਜਿਥੋਂ ਤੱਕ ਹੋ ਸਕੇ 60 ਦਿਨਾਂ ਦਾ ਸਮਾਂ ਨਿਰਧਾਰਿਤ ਕੀਤਾ ਗਿਆ ਹੈ।

**ਪ੍ਰਸ਼ਨ 18 :- ਕੀ ਮੈਂ ਪੰਜਾਬ ਸੇਵਾ ਅਧਿਕਾਰ ਕਮਿਸ਼ਨ ਨਾਲ ਸਿੱਧਾ ਸੰਪਰਕ ਕਰ ਸਕਦਾ ਹਾਂ?**

ਉਤਰ :- ਹਾਂ, ਤੁਸੀ ਕੋਈ ਵੀ ਸੁਝਾਅ ਦੇਣ ਲਈ ਜਾਂ ਸੇਵਾ ਮੁਹੱਈਆ ਕਰਵਾਉਣ ਵਿਚ ਆਉਣ ਵਾਲੀ ਔਕੜ ਲਈ ਸਿੱਧੇ ਤੌਰ ਤੇ ਪੰਜਾਬ ਸਵਾ ਅਧਿਕਾਰ ਕਮਿਸ਼ਨ ਨੂੰ ਲਿਖ ਸਕਦੇ ਹੋ, ਹਾਲਾਂਕਿ ਪੰਜਾਬ ਸੇਵਾ ਅਧਿਕਾਰ ਐਕਟ , 2011 ਅਧੀਨ ਸੇਵਾਵਾਂ ਮੁਹੱਈਆ ਕਰਵਾਉਣ ਵਿਚ ਆਉਣ ਵਾਲੀ ਸ਼ਿਕਾਇਤ ਲਈ ਇਕ ਵਿਵਸਥਾ ਬਣਾਈ ਹੈ ਜਿਸ ਦੇ ਅਧੀਨ ਪਹਿਲੀ ਅਪੀਲ ਨਾਮਜਦ ਅਧਿਕਾਰੀ ਦੇ ਖਿਲਾਫ ਅਤੇ ਦੂਜੀ ਅਪੀਲ ਪਹਿਲੇ ਅਪੀਲੈਂਟ ਅਧਿਕਾਰੀ ਦੇ ਖਿਲਾਫ ਅਤੇ ਦੂਜੇ ਅਪੀਲੈਂਟ ਅਧਿਕਾਰੀ ਦੇ ਖਿਲਾਫ ਰਵੀਜ਼ਨ ਪੰਜਾਬ ਸੇਵਾ ਅਧਿਕਾਰ ਕਮਿਸ਼ਨ ਪਾਸ ਦਾਇਰ ਕੀਤੀ ਜਾ ਸਕਦੀ ਹੈ।

**ਪ੍ਰਸ਼ਨ 19 :- ਕੀ ਮੈਂ ਸੇਵਾ ਮੁਹੱਈਆ ਕਰਵਾਉਣ ਦੀ ਵਿਵਸਥਾ ਵਿਚ ਕੁਝ ਬਦਲਾਓ/ਸੋਧ ਲਈ ਕਮਿਸ਼ਨ ਨੂੰ ਸੁਝਾਅ ਦੇ ਸਕਦਾ ਹਾਂ ? ਕੀ ਮੈਂ ਕੁਝ ਨਵੀਆਂ ਸੇਵਾਵਾਂ ਪੰਜਾਬ ਸੇਵਾ ਅਧਿਕਾਰ ਐਕਟ, 2011 ਦੇ ਤਹਿਤ ਲਿਆਉਣ ਲਈ ਸੁਝਾਅ ਦੇ ਸਕਦਾ ਹਾਂ?**

ਉੱਤਰ :- ਹਾਂ, ਤੁਸੀ ਅਜਿਹਾ ਕਰ ਸਕਦੇ ਹੋ। ਤੁਹਾਡਾ ਸੁਝਾਅ ਕਮਿਸ਼ਨ ਦੇ ਸਾਹਮਣੇ ਰੱਖਿਆ ਜਾਵੇਗਾ ਅਤੇ ਜੇਕਰ ਇਹ ਸੇਵਾ ਪ੍ਰਸ਼ਾਸ਼ਕੀ ਸੁਧਾਰ ਲਿਆਉਣ ਲਈ ਉੱਚਿਤ ਹੋਇਆ ਤਾਂ ਇਹਨਾਂ ਸੁਝਾਵਾਂ ਨੂੰ ਕਮਿਸ਼ਨ ਦੁਆਰਾ ਮੌਜੂਦਾ ਕਾਰਜ ਪ੍ਰਣਾਲੀ ਵਿਚ ਯੋਗ ਸੋਧ ਕਰਨ ਲਈ ਸਰਕਾਰ ਕੋਲ ਪੇਸ਼ ਕੀਤਾ ਜਾਵੇਗਾ।

**ਪ੍ਰਸ਼ਨ 20:- ਮੈ ਕਿਸੇ ਵੀ ਸੁਝਾਅ ਲਈ ਕਮਿਸ਼ਨ ਨੂੰ ਕਿਵੇ ਸੰਪਰਕ ਕਰ ਸਕਦਾ ਹਾਂ?**

ਉਤਰ :- ਤੁਸੀ ਆਪਣੇ ਸੁਝਾਅ/ਟਿੱਪਣੀਆ ਕਮਿਸ਼ਨ ਦੀ ਵੈਬਸਾਈਟ ਉਤੇ ਪੋਸਟ ਕਰ ਸਕਦੇ ਹੋ। ਤੁਸੀ ਆਪਣੇ ਸੁਝਾਅ ਕਮਿਸ਼ਨ ਦੇ ਈ-ਮੇਲ ਪਤੇ (rtspunjab@gmail.com) ਉੱਤੇ ਈ-ਮੇਲ ਵੀ ਕਰ ਸਕਦੇ ਹੋ। ਜੇਕਰ ਤੁਸੀ ਇਸ ਨੂੰ ਡਾਕਪੱਤਰ ਰਾਹੀ ਭੇਜਣਾ ਚਾਹੁਦੇ ਹੋ ਤਾਂ ਕਮਿਸ਼ਨ ਦੇ ਪਤੇ ਤੇ ਜੋ ਕਿ ਪੰਜਾਬ ਸੇਵਾ ਅਧਿਕਾਰ ਕਮਿਸ਼ਨ, ਵੀ ਆਈ ਪੀ ਸੂਟ ਨੰ 1-6, ਮਹਾਤਮਾ ਗਾਂਧੀ ਰਾਜ ਲੋਕ ਪ੍ਰਸ਼ਾਸਨ ਸੰਸਥਾ (MGSIPA), ਸੈਕਟਰ 26,ਚੰਡੀਗੜ੍ਹ. ਹੈ ਤੇ ਭੇਜ ਸਕਦੇ ਹੋ। ਹੋਰ ਜਾਣਕਾਰੀ ਤੁਸੀ ਕਮਿਸ਼ਨ ਦੀ ਵੇਬਸਾਈਟ ਉੱਤੇ (Contact US) ਨਾਂ ਦੇ ਪੇਜ ਤੇ ਦੇਖ ਸਕਦੇ ਹੋ।

**ਪ੍ਰਸ਼ਨ 21:- ਮੈ ਆਰ.ਟੀ.ਐਸ ਐਕਟ,2011 ਦੇ ਕੰਮਕਾਜ ਦੀ ਸਮੁੱਚੀ ਜਾਣਕਾਰੀ ਕਿਵੇ ਲੈ ਸਕਦੇ ਹਾਂ।**

ਉਤਰ :- ਆਰ.ਟੀ.ਐਸ ਵੇਬਸਾਇਟ ਉਤੇ ਇੱਕ ਆਰ.ਟੀ.ਐਸ ਪ੍ਰਸ਼ਨੋਤਰੀ RTS QUIZ ਨਾਂ ਦਾ ਮੀਨੂੰ (menu) ਸ਼ਾਮਿਲ ਹੈ। ਤੁਸੀ ਇਸ ਤੇ ਕਲਿੱਕ ਕਰਕੇ ਆਰ ਟੀ ਐਸ ਵਿਵਸਥਾ ਸਬੰਧੀ ਆਪਣੀ ਜਾਣਕਾਰੀ ਨੂੰ ਚੈੱਕ ਕਰ ਸਕਦੇ ਹੋ।